GOVERNING BODY OF
GURU HARKRISHAN PUBLIC SCHOOL (NEW DELHI) SOCIETY
*(Regd. No. : 4834 of 1970-71)*
*Registered Office :* 1, Purana Quila Road, Sheikhupura House,
New Delhi-110001. Phone : 23387605, 23389968
Email : ghpssociety@yahoo.com

*Ref. :* 11807/11-18 *Date :* 21/09/2013

Dear Parents,

Gur Fateh!

It is indeed a moment of privilege for all of us, to reach out to you and share our vision and mile stones achieved so far. It is also a perfect time to connect with you and to redeem our pledge of transforming GHPS as learning centers of excellence, where our children grow not only in size and knowledge but also in courage, confidence, understanding and compassion.

Our vision is to nurture clear visioned, young generation, well equipped with right values, right traits and right attitudes who have the potential to chisel out all aberrations of modern times to grow as fine human beings. While overall development of every student at GHPS remains on the top of our agenda, relevant changes are being planned and initiated to give distinctiveness to our schools.

**To build a strong relationship with you, school level counselling sessions for parents have been introduced. A grand session of counselling for parents and students of Class X has been planned in first week of October 2013 at Lakhi Shah Vanjara Hall, Gurdwara Rakabganj Sahib, New Delhi. Soon you will be hearing about the details from the School Principals.**

To acknowledge the potential of our young children "Delhi Sikh Games" have been planned in December 2013.

An onerous responsibility - a mission that demands relentless perseverance and focused approach. We know for sure that with your goodwill and cooperation, we will be able to accomplish our mission soon.

Thanking you,

(Manjit Singh G.K.) (Manjinder Singh Sirsa)
Chairman Vice Chairman
Guru Harkrishan Public Schools (New Delhi) Society

GHPS
*mission excellence*

ੴ
ਵਿਦਿਆ ਵੀਚਾਰੀ ਤਾਂ ਪਰਉਪਕਾਰੀ
GURU HARKRISHAN PUBLIC SCHOOL

**GOVERNING BODY OF**
**GURU HARKRISHAN PUBLIC SCHOOL (NEW DELHI) SOCIETY**
***(Regd. No. : 4834 of 1970-71)***
*Registered Office :* 1, Purana Quila Road, Sheikhupura House,
New Delhi-110001. Phone : 23387605, 23389968
Email : ghpssociety@yahoo.com

*Ref.* 11807/11-18 *Date :* 21/09/2013

ਪਿਆਰੇ ਭੈਣ-ਭਰਾਵੋ ਤੇ ਸਟਾਫ਼

ਗੁਰੂ ਫ਼ਤਹਿ॥

ਸਾਡੇ ਸਾਰਿਆਂ ਲਈ ਇਹ ਵਾਕਈ ਖੁਸ਼ੀ ਦਾ ਪਲ ਹੈ ਕਿ ਅਸੀਂ ਤੁਹਾਡੇ ਤਕ ਪਹੁੰਚ ਕਰਕੇ, ਤੁਹਾਡੇ ਨਾਲ ਆਪਣੀ ਕਲਪਨਾ ਅਤੇ ਹੁਣ ਤਕ ਪ੍ਰਾਪਤ ਕੀਤੇ ਮੀਲ-ਪੱਥਰਾਂ ਦੀ ਸਾਂਝ ਪਾ ਰਹੇ ਹਾਂ। ਨਾਲ ਹੀ ਇਹ ਤੁਹਾਡੇ ਨਾਲ ਜੁੜਣ ਲਈ ਅਤੇ ਆਪਣੇ ਕੀਤੇ ਵਚਨ ਦੀ ਪਾਲਨਾ ਕਰਨ ਦਾ ਇਹ ਇਕ ਵਧੀਆ ਸਮਾਂ ਹੈ ਕਿ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਨੂੰ ਮੁੜ ਪ੍ਰਤਿਸ਼ਠਾ ਦੇ ਸਿਖਲਾਈ ਕੇਂਦਰ ਬਣਾਈਏ ਜਿਥੇ ਸਾਡੇ ਬੱਚੇ ਨਾ ਕੇਵਲ ਆਕਾਰ ਅਤੇ ਗਿਆਨ ਵਿਚ ਵੱਧਣ ਬਲਕਿ ਦਲੇਰੀ, ਭਰੋਸਾ, ਸਮਝ ਅਤੇ ਰਹਿਮਦਿਲੀ ਵਿਚ ਵੀ।

ਸਾਡੀ ਸੋਚ ਹੈ ਕਿ ਸਪਸ਼ਟ ਦੂਰਦ੍ਰਿਸ਼ਟੀ ਵਾਲੀ ਨਵੀਂ ਪਨੀਰੀ ਤਿਆਰ ਕਰੀਏ, ਜੋ ਕਿ ਸਹੀ ਕਦਰਾਂ-ਕੀਮਤਾਂ, ਸਹੀ ਗੁਣ ਅਤੇ ਸਹੀ ਵਿਚਾਰ ਨਾਲ ਸ਼ਿੰਗਾਰੀ ਹੋਵੇ ਅਤੇ ਉਨ੍ਹਾਂ ਵਿਚ ਆਧੁਨਿਕ ਸਮੇਂ ਵਿਚ ਮਾਰਗ-ਭਟਕਣਾ ਤੋਂ ਬਚਦੇ ਹੋਏ ਚੰਗਾ ਮਨੁੱਖ ਬਣਨ ਦੀ ਸਮਰੱਥਾ ਹੋਵੇ। ਜਿਵੇਂ ਕਿ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਹਰੇਕ ਬੱਚੇ ਦਾ ਪੂਰਨ ਵਿਕਾਸ ਸਾਡੇ ਏਜੰਡੇ ਵਿਚ ਸਭ ਤੋਂ ਉਤੇ ਹੈ; ਆਪਣੇ ਸਕੂਲਾਂ ਨੂੰ ਵਿਲੱਖਣਤਾ ਪ੍ਰਦਾਨ ਕਰਨ ਲਈ ਸਬੰਧਿਤ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਬਾਰੇ ਸੋਚਿਆ ਜਾ ਰਿਹਾ ਹੈ।

**ਤੁਹਾਡੇ ਨਾਲ ਇਕ ਮਜ਼ਬੂਤ ਰਿਸ਼ਤਾ ਸਥਾਪਤ ਕਰਨ ਲਈ, ਮਾਪਿਆਂ ਲਈ ਸਕੂਲੀ ਪੱਧਰ ਉਤੇ ਕਾਊਂਸਲਿੰਗ ਸੈਸ਼ਨ ਸ਼ੁਰੂ ਕੀਤੇ ਗਏ ਹਨ। ਦਸਵੀਂ ਜਮਾਤ ਦੇ ਵਿਦਿਆਰਥੀਆਂ ਅਤੇ ਮਾਪਿਆਂ ਲਈ ਕਾਊਂਸਲਿੰਗ ਦਾ ਇਕ ਵਿਸ਼ਾਲ ਸੈਸ਼ਨ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਅਕਤੂਬਰ 2013 ਦੇ ਪਹਿਲੇ ਹਫ਼ਤੇ ਵਿਚ ਕੀਤੇ ਜਾਣ ਦੀ ਯੋਜਨਾ ਹੈ। ਛੇਤੀ ਹੀ ਤੁਹਾਨੂੰ ਇਸ ਬਾਰੇ ਵੇਰਵਾ ਸਕੂਲ ਪ੍ਰਿੰਸੀਪਲ ਤੋਂ ਪ੍ਰਾਪਤ ਹੋਵੇਗਾ।**

ਨਾਲ ਹੀ ਸਾਡੇ ਬੱਚਿਆਂ ਦੇ ਹੁਨਰ ਨੂੰ ਵਿਕਸਿਤ ਕਰਨ ਲਈ ਦਸੰਬਰ 2013 ਵਿਚ 'ਦਿੱਲੀ ਸਿੱਖ ਖੇਡਾਂ' ਦਾ ਆਯੋਜਨ ਕੀਤਾ ਜਾ ਰਿਹਾ ਹੈ।

ਇਕ ਅਹਿਮ ਜ਼ਿੰਮੇਵਾਰੀ - ਇਕ ਮਿਸ਼ਨ ਜੋ ਕਿ ਕਠੋਰ ਸੰਭਾਲ ਅਤੇ ਕੇਂਦਰਿਤ ਪਹੁੰਚ ਦੀ ਮੰਗ ਕਰਦੀ ਹੈ। ਸਾਨੂੰ ਇਹ ਨਿਸ਼ਚਿਤ ਰੂਪ ਵਿਚ ਪਤਾ ਹੈ ਕਿ ਤੁਹਾਡੀਆਂ ਸ਼ੁਭ ਇੱਛਾਵਾਂ ਅਤੇ ਸਹਿਯੋਗ ਨਾਲ, ਅਸੀਂ ਆਪਣੇ ਮਿਸ਼ਨ ਨੂੰ ਛੇਤੀ ਹੀ ਸਿਰੇ ਚਾੜ੍ਹ ਸਕਾਂਗੇ।

ਧੰਨਵਾਦ ਸਹਿਤ,

(ਮਨਜੀਤ ਸਿੰਘ ਜੀ.ਕੇ.)
ਚੇਅਰਮੈਨ
ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ (ਨਵੀਂ ਦਿੱਲੀ) ਸੋਸਾਇਟੀ

(ਮਨਜਿੰਦਰ ਸਿੰਘ ਸਿਰਸਾ)
ਵਾਈਸ ਚੇਅਰਮੈਨ

GHPS
*mission excellence*